# ਤੁਹਾਡੇ ਬੱਚੇ ਦਾ ਐਨਿਸਥੀਜ਼ੀਆ:
# ਮਦਦ ਕਰਨ ਲਈ ਤੁਸੀਂ ਕੀ ਕਰ ਸਕਦੇ ਹੋ

**Your Child's Anesthesia: What you can do to help**

BC CHILDREN'S HOSPITAL
An agency of the Provincial Health Services Authority

**Department of Anesthesia**
4480 Oak Street, Vancouver, BC V6H 3V4
604-875-2345 • 1-888-300-3088
www.bcchildrens.ca

ਤੁਹਾਡੇ ਬੱਚੇ ਦੀ ਸਰਜਰੀ ਹੋ ਰਹੀ ਹੈ। ਤੁਹਾਡੇ ਬੱਚੇ ਨੂੰ ਦਵਾਈ ਦਿੱਤੀ ਜਾ ਰਹੀ ਹੈ ਤਾਂ ਜੋ:

- ਉਸ ਨੂੰ ਦਰਦ ਮਹਿਸੂਸ ਨਾ ਹੋਵੇ।
- ਉਹ ਸੌਂ ਜਾਵੇ ਅਤੇ ਸਰਜਰੀ ਦੌਰਾਨ ਉਸ ਨੂੰ ਕੁਝ ਪਤਾ ਨਾ ਲੱਗੇ।

ਇਸ ਦਵਾਈ ਨੂੰ ਐਨਿਸਥੀਜ਼ੀਆ ਆਖਿਆ ਜਾਂਦਾ ਹੈ। ਜਿਹੜਾ ਡਾਕਟਰ ਇਹ ਦਵਾਈ ਦਿੰਦਾ ਹੈ ਉਸ ਨੂੰ ਐਨਿਸਥੀਜ਼ੀਓਲੋਜਿਸਟ ਆਖਿਆ ਜਾਂਦਾ ਹੈ।

## ਮੈਂ ਕਿਵੇਂ ਮਦਦ ਕਰ ਸਕਦੀ/ਸਕਦਾ ਹਾਂ?



ਹਸਪਤਾਲ ਜਾਣ ਬਾਰੇ ਅਤੇ ਸਰਜਰੀ (ਅਪਰੇਸ਼ਨ) ਬਾਰੇ ਆਪਣੇ ਬੱਚੇ ਨਾਲ ਗੱਲ ਕਰੋ।

- ਜੇ ਤੁਹਾਡਾ ਬੱਚਾ 2 ਤੋਂ 3 ਸਾਲ ਦਾ ਹੈ ਤਾਂ ਸਰਜਰੀ ਤੋਂ 2 ਤੋਂ 3 ਦਿਨ ਪਹਿਲਾਂ ਉਸ ਨਾਲ ਗੱਲ ਕਰੋ। ਸਰਜਰੀ ਵਾਲੇ ਦਿਨ ਦੀ ਸਵੇਰ ਨੂੰ ਫਿਰ ਉਸ ਨਾਲ ਗੱਲ ਕਰੋ।
- ਜੇ ਤੁਹਾਡੇ ਬੱਚੇ ਦੀ ਉਮਰ ਤਿੰਨ ਸਾਲ ਤੋਂ ਜ਼ਿਆਦਾ ਹੈ ਤਾਂ ਉਸ ਨਾਲ ਸਰਜਰੀ ਬਾਰੇ ਸਰਜਰੀ ਤੋਂ ਦੋ ਕੁ ਹਫਤੇ ਪਹਿਲਾਂ ਗੱਲ ਕਰਨਾ ਸ਼ੁਰੂ ਕਰੋ।

ਦਿੱਤੀਆਂ ਗਈਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰੋ, ਖਾਸ ਕਰਕੇ ਇਸ ਚੀਜ਼ ਬਾਰੇ ਕਿ ਸਰਜਰੀ ਤੋਂ ਇਕ ਦਿਨ ਪਹਿਲਾਂ ਅਤੇ ਸਰਜਰੀ ਵਾਲੇ ਦਿਨ ਤੁਹਾਡਾ ਬੱਚਾ ਕੀ ਖਾ ਜਾਂ ਪੀ ਸਕਦਾ ਹੈ। ਜੇ ਤੁਹਾਨੂੰ ਇਹ ਹਦਾਇਤਾਂ ਯਾਦ ਨਾ ਰਹਿਣ ਤਾਂ 604-875-2345 ਐਕਸਟੈਨਸ਼ਨ 7225 ਨੂੰ ਫੋਨ ਕਰੋ।

ਸਰਜਰੀ ਤੋਂ ਪਹਿਲਾਂ ਤੁਸੀਂ ਅਤੇ ਤੁਹਾਡਾ ਬੱਚਾ ਐਨਿਸਥੀਜ਼ੀਓਲੋਜਿਸਟ ਨੂੰ ਮਿਲੋਗੇ। ਐਨਿਸਥੀਜ਼ੀਓਲੋਜਿਸਟ ਨੂੰ ਦੱਸੋ:

- ਜੇ ਤੁਹਾਨੂੰ ਕੋਈ ਫਿਕਰ ਹੋਣ।
- ਤੁਹਾਡੇ ਬੱਚੇ ਨੂੰ ਸ਼ਾਂਤ ਅਤੇ ਅਰਾਮਦੇਹ ਰੱਖਣ ਵਿਚ ਕੀ ਮਦਦ ਕਰਦਾ ਹੈ। ਤੁਹਾਡੇ ਬੱਚੇ ਦੇ ਅਪਰੇਸ਼ਨ (ਓਪਰੇਟਿੰਗ) ਰੂਮ ਵਿਚ ਜਾਣ ਤੋਂ ਪਹਿਲਾਂ, ਦਰਦ ਜਾਂ ਚਿੰਤਾ ਘਟਾਉਣ ਲਈ ਐਨਿਸਥੀਜ਼ੀਓਲੋਜਿਸਟ ਤੁਹਾਡੇ ਬੱਚੇ ਨੂੰ ਕੋਈ ਦਵਾਈ ਦੇ ਸਕਦਾ ਹੈ।
- ਜੇ ਤੁਹਾਡੇ ਬੱਚੇ ਨੂੰ ਕੋਈ ਡਾਕਟਰੀ ਸਮੱਸਿਆ ਜਾਂ ਐਲਰਜੀ ਹੈ।
- ਜੇ ਤੁਹਾਡੇ ਬੱਚੇ ਨੂੰ ਹੁਣੇ ਹੁਣੇ ਜ਼ੁਕਾਮ ਹੋਇਆ ਹੈ।

ਸਰਜਰੀ ਵਾਲੇ ਦਿਨ, ਆਪਣੇ ਬੱਚੇ ਨਾਲ ਉਡੀਕ ਕਰਨ ਵੇਲੇ ਸ਼ਾਂਤ ਅਤੇ ਚੜ੍ਹਦੀ ਕਲਾ ਵਿਚ ਰਹੋ। ਐਨਿਸਥੀਜ਼ੀਓਲੋਜਿਸਟ ਇਹ ਫੈਸਲਾ ਕਰੇਗਾ ਕਿ ਤੁਹਾਡੇ ਬੱਚੇ ਦੇ ਸੌਣ ਤੱਕ ਕੀ ਤੁਸੀਂ ਉਸ ਨਾਲ ਓਪਰੇਸ਼ਨ ਰੂਮ ਵਿਚ ਜਾ ਸਕੋਗੇ।

# ਇਹ ਕੁਝ ਜਾਣਕਾਰੀ ਪਰਿਵਾਰ ਅਕਸਰ ਐਨਿਸਥੀਜ਼ੀਆ ਬਾਰੇ ਜਾਣਨਾ ਚਾਹੁੰਦੇ ਹਨ।

## ਕੀ ਐਨਿਸਥੀਜ਼ੀਆ ਸੁਰੱਖਿਅਤ ਹੈ?

ਇਹ ਬਹੁਤ ਸੁਰੱਖਿਅਤ ਹੈ। ਸੁਲਾਉਣ ਵਾਲੀ ਦਵਾਈ ਤੋਂ ਬੱਚਿਆਂ ਨੂੰ ਬਹੁਤ ਘੱਟ ਐਲਰਜੀ ਹੁੰਦੀ ਹੈ। ਇਨ੍ਹਾਂ ਦਵਾਈਆਂ ਦੀ ਆਦਤ ਬਣਨ ਦਾ ਕੋਈ ਖਤਰਾ ਨਹੀਂ ਹੈ।

ਤੁਹਾਡੇ ਬੱਚੇ ਦਾ ਐਨਿਸਥੀਜ਼ੀਓਲੋਜਿਸਟ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦਾ ਹੈ। ਕਿਰਪਾ ਕਰਕੇ ਪੁੱਛੋ!

www.rcoa.ac.uk/index.asp?PageID=816 ਵੀ ਖਤਰੇ ਅਤੇ ਐਨਿਸਥੀਜ਼ੀਆ ਬਾਰੇ ਜ਼ਿਆਦਾ ਜਾਣਕਾਰੀ ਦਿੰਦਾ ਹੈ।

## ਐਨਿਸਥੀਜ਼ੀਆ ਕਿਵੇਂ ਕੰਮ ਕਰਦਾ ਹੈ?

ਦਵਾਈਆਂ ਦਿਮਾਗ ਵਿਚਲੇ ਨਰਵ ਸੈੱਲਾਂ ਨੂੰ ਮੱਠਾ ਕਰ ਦਿੰਦੀਆਂ ਹਨ। ਦਵਾਈਆਂ ਦਾ ਅਸਰ ਖਤਮ ਹੋ ਜਾਣ ਤੋਂ ਬਾਅਦ ਦਿਮਾਗ ਆਮ ਵਾਂਗ ਹੋ ਜਾਂਦਾ ਹੈ।

ਤੁਹਾਡੇ ਬੱਚੇ ਦਾ ਐਨਿਸਥੀਜ਼ੀਓਲੋਜਿਸਟ ਇਕ ਮੈਡੀਕਲ ਡਾਕਟਰ ਹੈ। ਮੈਡੀਕਲ ਸਕੂਲ ਤੋਂ ਗਰੈਜੂਏਟ ਹੋਣ ਤੋਂ ਬਾਅਦ ਉਨ੍ਹਾਂ ਨੇ ਘੱਟੋ ਘੱਟ ਹੋਰ 6 ਸਾਲਾਂ ਦੀ ਸਪੈਸ਼ਲ ਟਰੇਨਿੰਗ ਲਈ ਹੁੰਦੀ ਹੈ।




## ਮੇਰੇ ਬੱਚੇ ਨੂੰ ਐਨਿਸਥੀਜ਼ੀਆ ਕਿਵੇਂ ਦਿੱਤਾ ਜਾਂਦਾ ਹੈ?

ਅਪਰੇਸ਼ਨ ਰੂਮ ਵਿਚ, ਕੁਝ ਬੱਚਿਆਂ ਨੂੰ ਇਕ ਛੋਟੀ ਟਿਊਬ ਵਿਚ ਦਵਾਈ ਦਿੱਤੀ ਜਾਂਦੀ ਹੈ ਜਿਹੜੀ ਖ਼ੂਨ ਦੀ ਨਾੜੀ ਵਿਚ ਜਾਂਦੀ ਹੈ। ਇਸ ਨੂੰ ਇੰਟਰਾਵੀਨਸ ਜਾਂ ਆਈ ਵੀ ਮੈਡੀਸੀਨ ਆਖਿਆ ਜਾਂਦਾ ਹੈ। ਇਹ ਦਵਾਈ ਬੱਚੇ ਨੂੰ ਸੁਲਾ ਦਿੰਦੀ ਹੈ। ਕੁਝ ਬੱਚਿਆਂ ਨੂੰ ਸੁਲਾਉਣ ਵਾਲੀ ਦਵਾਈ ਮੂੰਹ ’ਤੇ ਮਾਸਕ ਲਾ ਕੇ ਗੈਸ ਅਤੇ ਆਕਸੀਜਨ ਵਿਚ ਸਾਹ ਦੇ ਕੇ ਦਿੱਤੀ ਜਾਂਦੀ ਹੈ।

ਕਦੇ ਕਦੇ ਸਰਜਰੀ ਨੂੰ ਜ਼ਿਆਦਾ ਆਰਾਮਦੇਹ ਬਣਾਉਣ ਲਈ ਨਰਵਾਂ ਨੂੰ ਫਰੀਜ਼ ਕੀਤਾ ਜਾਂਦਾ ਹੈ। ਇਸ ਨੂੰ ਲੋਕਲ ਐਨਿਸਥੀਜ਼ੀਆ ਆਖਿਆ ਜਾਂਦਾ ਹੈ। ਇਹ ਫਰੀਜ਼ ਕੀਤੀ ਜਾਣ ਵਾਲੀ ਨਾੜੀ ਦੇ ਨੇੜੇ ਸੂਈ ਲਾ ਕੇ ਦਿੱਤੀ ਜਾਂਦੀ ਹੈ। ਇਹ ਫੈਸਲਾ ਤੁਹਾਡੇ ਬੱਚੇ ਦਾ ਐਨਿਸਥੀਜ਼ੀਓਲੋਜਿਸਟ ਕਰੇਗਾ ਕਿ ਕਿਹੜੀ ਸਭ ਤੋਂ ਵਧੀਆ ਹੋਵੇਗੀ।

## ਸਰਜਰੀ ਤੋਂ ਬਾਅਦ ਮੈਨੂੰ ਕੀ ਉਮੀਦ ਰੱਖਣੀ ਚਾਹੀਦੀ ਹੈ?

ਤੁਹਾਡਾ ਬੱਚਾ ਪੋਸਟ-ਐਨਿਸਥੀਜ਼ੀਆ ਕੇਅਰ ਯੂਨਿਟ ਜਾਂ “ਪੀ ਏ ਸੀ ਯੂ” ਵਿਚ ਜਾਗੇਗਾ। ਬੱਚੇ ਦੇ ਜਾਗਣ ’ਤੇ ਤੁਸੀਂ ਪੀ ਏ ਸੀ ਯੂ ਵਿਚ ਉਸ ਕੋਲ ਜਾ ਸਕਦੇ ਹੋ। ਐਨਿਸਥੀਜ਼ੀਆ ਤੋਂ ਬਾਅਦ ਬੱਚੇ ਵੱਖ ਵੱਖ ਸਮੇਂ ਲਈ ਸੌਂਦੇ ਹਨ।

ਪੀ ਏ ਸੀ ਯੂ ਵਿਚਲੇ ਬਹੁਤੇ ਬੱਚਿਆਂ ਦੇ ਦਰਦ ਨਹੀਂ ਹੋ ਰਹੀ ਹੁੰਦੀ। ਜੇ ਤੁਹਾਡੇ ਬੱਚੇ ਦੇ ਦਰਦ ਹੋ ਰਹੀ ਹੋਵੇ ਜਾਂ ਉਹ ਬੀਮਾਰ ਮਹਿਸੂਸ ਕਰਦਾ ਹੋਵੇ ਤਾਂ ਉਸ ਨੂੰ ਬਿਹਤਰ ਮਹਿਸੂਸ ਕਰਵਾਉਣ ਵਿਚ ਮਦਦ ਕਰਨ ਲਈ ਐਨਿਸਥੀਜ਼ੀਓਲੋਜਿਸਟ ਦਵਾਈ ਦਾ ਆਰਡਰ ਕਰੇਗਾ। ਨਰਸ ਅਤੇ ਐਨਿਸਥੀਜ਼ੀਓਲੋਜਿਸਟ ਰਲ ਕੇ ਕੰਮ ਕਰਦੇ ਹਨ।

## ਘਰ ਜਾਣ ਤੋਂ ਬਾਅਦ ਕੀ ਐਨਿਸਥੀਜ਼ੀਆ ਦੇ ਕੋਈ ਸਾਈਡ ਇਫੈਕਟ ਹੁੰਦੇ ਹਨ?

ਹਾਂ। ਐਨਿਸਥੀਜ਼ੀਆ ਤੋਂ ਬਾਅਦ:

- ਬੱਚੇ ਦਾ ਗਲ ਦੁਖ ਸਕਦਾ ਹੈ।
- ਉਸ ਨੂੰ ਉਲਟੀ ਆ ਸਕਦੀ ਹੈ ਜਾਂ ਉਲਟੀ ਆਉਣ ਵਾਂਗ ਮਹਿਸੂਸ ਹੋ ਸਕਦਾ ਹੈ।
- ਚੱਕਰ ਆ ਸਕਦੇ ਹਨ।
- ਨੀਂਦ ਆ ਸਕਦੀ ਹੈ।
- ਬੱਚਾ ਬੇਚੈਨ ਹੋ ਸਕਦਾ ਹੈ।



ਐਨਿਸਥੀਜ਼ੀਆ ਤੋਂ ਬਾਅਦ ਆਪਣੇ ਬੱਚੇ ਨੂੰ ਆਸਰਾ ਦੇ ਕੇ ਅਤੇ ਸ਼ਾਂਤ ਰਹਿ ਕੇ ਤੁਸੀਂ ਉਸ ਦੀ ਮਦਦ ਕਰ ਸਕਦੇ ਹੋ। ਇਸ ਬਾਰੇ ਜ਼ਿਆਦਾ ਪੈਂਫਲਿਟ “24 ਆਵਰਜ਼ ਆਫਟਰ ਜਨਰਲ ਐਨਿਸਥੀਜ਼ੀਆ” ਵਿਚ ਪੜ੍ਹੋ।

ਐਨਿਸਥੀਜ਼ੀਆ ਬਾਰੇ ਜ਼ਿਆਦਾ ਜਾਣਕਾਰੀ ਲਈ:
www.pedsanesthesia.org/patiented/faq.iphtml

*ਡਿਪਾਰਟਮੈਂਟ ਔਫ ਐਨਿਸਥੀਜ਼ੀਆ ਦੇ ਮਾਹਰਾਂ ਵਲੋਂ ਡਿਪਾਰਟਮੈਂਟ ਔਫ ਲਰਨਿੰਗ ਐਂਡ ਡਿਵੈਲਪਮੈਂਟ ਦੀ ਸਹਾਇਤਾ ਨਾਲ ਤਿਆਰ ਕੀਤਾ*

BCCH1572 © 2010 BC Children’s Hospital

[Punjabi]